# ਸਮੁੰਦਰੀ ਜਹਾਜ਼ MSC ਏਰੀਜ਼ 'ਤੇ ਸਵਾਰ ਭਾਰਤੀ ਮਹਿਲਾ ਕੈਡੇਟ ਘਰ ਪਰਤੀ

ਅਪ੍ਰੈਲ 18, 2024

ਤਹਿਰਾਨ ਵਿੱਚ ਭਾਰਤੀ ਮਿਸ਼ਨ ਅਤੇ ਈਰਾਨੀ ਸਰਕਾਰ ਦੇ ਠੋਸ ਯਤਨਾਂ ਦੀ ਬਦੌਲਤ, ਕੇਰਲ ਦੇ ਤ੍ਰਿਸੂਰ ਤੋਂ ਸਬੰਧ ਰੱਖਣ ਵਾਲੀ, ਭਾਰਤੀ ਡੈਕ ਕੈਡੇਟ ਸ਼੍ਰੀਮਤੀ ਐਨ ਟੇਸਾ ਜੋਸਫ, ਜੋ ਕੰਟੇਨਰ ਸਮੁੰਦਰੀ ਜਹਾਜ਼ MSC ਏਰੀਜ਼ ਦੇ ਭਾਰਤੀ ਚਾਲਕ ਦਲ ਦੇ ਮੈਂਬਰਾਂ ਵਿੱਚੋਂ ਇੱਕ ਸੀ, ਅੱਜ ਦੁਪਹਿਰ ਕੋਚੀਨ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਸੁਰੱਖਿਅਤ ਉਤਰ ਗਈ ਹੈ। ਹਵਾਈ ਅੱਡੇ 'ਤੇ, ਸ਼੍ਰੀਮਤੀ ਜੋਸਫ ਦਾ ਖੇਤਰੀ ਪਾਸਪੋਰਟ ਅਧਿਕਾਰੀ, ਕੋਚੀਨ ਨੇ ਸੁਆਗਤ ਕੀਤਾ।

2. ਤਹਿਰਾਨ ਵਿੱਚ ਭਾਰਤੀ ਮਿਸ਼ਨ ਇਸ ਮਾਮਲੇ ਦੀ ਜਾਂਚ ਕਰ ਰਿਹਾ ਹੈ ਅਤੇ ਕੰਟੇਨਰ ਸਮੁੰਦਰੀ ਜਹਾਜ਼ ਦੇ ਚਾਲਕ ਦਲ ਦੇ ਬਾਕੀ 16 ਭਾਰਤੀ ਮੈਂਬਰਾਂ ਦੇ ਸੰਪਰਕ ਵਿੱਚ ਹੈ। ਚਾਲਕ ਦਲ ਦੇ ਮੈਂਬਰ ਚੰਗੀ ਸਿਹਤ ਵਿੱਚ ਹਨ ਅਤੇ ਭਾਰਤ ਵਿੱਚ ਆਪਣੇ ਪਰਿਵਾਰਕ ਮੈਂਬਰਾਂ ਦੇ ਸੰਪਰਕ ਵਿੱਚ ਹਨ।

3. ਭਾਰਤੀ ਮਿਸ਼ਨ MSC ਏਰੀਜ਼ ਦੇ ਬਾਕੀ ਚਾਲਕ ਦਲ ਦੇ ਮੈਂਬਰਾਂ ਦੇ ਸਕੁਸ਼ਲ ਹੋਣ ਨੂੰ ਯਕੀਨੀ ਬਣਾਉਣ ਦੇ ਵਾਸਤੇ, ਈਰਾਨੀ ਅਧਿਕਾਰੀਆਂ ਦੇ ਸੰਪਰਕ ਵਿੱਚ ਵੀ ਹੈ। ਇਸ ਤੋਂ ਪਹਿਲਾਂ ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਨੇ ਇਸ ਮੁੱਦੇ 'ਤੇ ਆਪਣੇ ਈਰਾਨੀ ਹਮਰੁਤਬਾ, ਵਿਦੇਸ਼ ਮੰਤਰੀ ਆਮਿਰ ਅਬਦੌੱਲਾਹਿਆਨ ਨਾਲ ਗੱਲਬਾਤ ਕੀਤੀ ਸੀ।

**ਨਵੀਂ ਦਿੱਲੀ**
**ਅਪ੍ਰੈਲ 18, 2024**